# 5 ਜਾਣਕਾਰੀ, ਜੋ ਤੁਹਾਨੂੰ ਹੋਣੀ ਚਾਹੀਦੀ ਹੈ

# ਮੂਲ ਰਾਸ਼ਟਰ ਦੇ ਅਧਾਰ ’ਤੇ ਪੱਖਪਾਤ, ਜਨਤਾ ਨੂੰ ਸਹੂਲਤ ਪ੍ਰਦਾਨ ਕਰਨ ਵਾਲੀਆਂ ਥਾਵਾਂ ‘ਤੇ

1 **ਜਨਤਾ ਨੂੰ ਸਹੂਲਤ ਪ੍ਰਦਾਨ ਕਰਨ ਵਾਲੀਆਂ ਥਾਵਾਂ 'ਤੇ, ਅਸਲ ਜਾਂ ਸਮਝੇ ਗਏ ਮੂਲ ਰਾਸ਼ਟਰ ਦੇ ਅਧਾਰ 'ਤੇ ਹੋਣ ਵਾਲਾ ਪੱਖਪਾਤ ਅਤੇ ਉਤਪੀੜਨ ਨਿਊ ਜਰਸੀ ਦੇ ਪੱਖਪਾਤ ਵਿਰੋਧੀ ਕਾਨੂੰਨ (ਐਲਏਡੀ) ਅਧੀਨ ਵਰਜਿਤ ਹੈ।** ਇਸ ਦਾ ਮਤਲਬ ਹੈ ਕਿ ਨਸਲ, ਮੂਲ ਰਾਸ਼ਟਰ, ਸੱਭਿਆਚਾਰ ਜਾਂ ਭਾਸ਼ਾ ਦੇ ਅਧਾਰ ‘ਤੇ ਜਨਤਕ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਥਾਵਾਂ ‘ਤੇ, ਜਿਵੇਂ ਕਿ ਵਪਾਰਾਂ, ਰੇਸਤਰਾਂ, ਸਕੂਲਾਂ, ਹਸਪਤਾਲਾਂ, ਡਾਕਟਰਾਂ ਦੇ ਕਲੀਨਿਕਾਂ ਅਤੇ ਸਰਕਾਰੀ ਏਜੰਸੀਆਂ ਦੇ ਦਫ਼ਤਰਾਂ ਵਿਖੇ ਪੱਖਪਾਤ ਗੈਰ-ਕਾਨੂੰਨੀ ਹੈ, ਭਾਵੇਂ ਤੁਸੀਂ ਰਿਫ਼ਿਊਜੀ, ਮਾਈਗ੍ਰੈਂਟ ਜਾਣ ਗੈਰ-ਅਮਰੀਕੀ ਨਾਗਰਿਕ ਹੋ।

2 **ਮੂਲ ਰਾਸ਼ਟਰ ਅਧਾਰਿਤ ਪੱਖਪਾਤ, ਬਰਾਬਰੀ ਦੇ ਅਧਾਰ ‘ਤੇ ਸੇਵਾ ਪ੍ਰਾਪਤ ਕਰਨ ਲਈ ਤੁਹਾਡੇ ਰਾਹ ਵਿੱਚ ਅੜਿੱਕਾ ਨਹੀਂ ਬਣ ਸਕਦਾ।** ਜਨਤਾ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਲੇ ਸਥਾਨ ਤੁਹਾਡੇ ਮੂਲ ਰਾਸ਼ਟਰ ਦੇ ਅਧਾਰ ‘ਤੇ ਤੁਹਾਨੂੰ ਬਰਾਬਰੀ ਦੇ ਅਧਾਰ ‘ਤੇ ਰਿਹਾਇਸ਼, ਸਹੂਲਤਾਂ, ਅਧਿਕਾਰ ਜਾਂ ਸੇਵਾਵਾਂ ਦੇਣ ਤੋਂ ਮਨ੍ਹਾ ਨਹੀਂ ਕਰ ਸਕਦੇ। ਉਦਾਹਰਨ ਵਜੋਂ, ਕੋਈ ਵੀ ਰੇਸਤਰਾਂ ਵਾਈਟ ਲੋਕਾਂ ਦੇ ਮੁਕਾਬਲੇ ਤੁਹਾਨੂੰ ਜ਼ਿਆਦਾ ਇੰਤਜ਼ਾਰ ਇਸ ਲਈ ਨਹੀਂ ਕਰਵਾ ਸਕਦਾ ਕਿਉਂਕਿ ਤੁਸੀਂ ਲੈਟਿਨ ਹੋ, ਅਤੇ ਕੋਈ ਦੁਕਾਨਦਾਰ ਆਪਣੀ ਚੋਰੀ-ਰੋਕੂ ਨੀਤੀ ਅਧੀਨ ਤੁਹਾਡੇ ਬਾਰੇ ਕਿਸੇ ਖ਼ਾਸ ਤਰ੍ਹਾਂ ਦੀ ਧਾਰਨਾ ਕੇਵਲ ਇਸ ਲਈ ਨਹੀਂ ਬਣਾ ਸਕਦਾ ਕਿਉਂਕਿ ਤੁਹਾਡਾ ਇੱਕ ਖ਼ਾਸ ਰਾਸ਼ਟਰੀ ਮੂਲ ਹੈ ਜਾਂ ਉਹ ਤੁਹਾਨੂੰ ਕਿਸੇ ਖ਼ਾਸ ਰਾਸ਼ਟਰੀ ਮੂਲ ਦਾ ਮੰਨਦਾ ਹੈ।

3 **ਇਹ ਜ਼ਰੂਰੀ ਹੈ ਕਿ ਜਨਤਾ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਲੇ ਸਥਾਨ ਰਾਸ਼ਟਰੀ ਮੂਲ ‘ਤੇ ਅਧਾਰਿਤ ਉਤਪੀੜਨ ਨੂੰ ਰੋਕਣ ਲਈ ਕਦਮ ਚੁੱਕਣ।** ਰਾਸ਼ਟਰ ਅਧਾਰਿਤ ਉਤਪੀੜਨ ਵਿੱਚ ਸ਼ਾਮਲ ਹਨ, ਨੀਵਾਂ ਵਿਖਾਉਣ, ਗੁੱਸਾ ਦਿਵਾਉਣ ਵਾਲੀਆਂ ਟਿੱਪਣੀਆਂ, ਹਮਲਾਵਰ ਇਸ਼ਾਰੇ ਅਤੇ ਕਿਸੇ ਦੇ ਰਾਸ਼ਟਰੀ ਮੂਲ ਬਾਬਤ ਨਸਲੀ ਟਿੱਪਣੀਆਂ। ਜਨਤਾ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਲੇ ਸਥਾਨਾਂ ਲਈ ਇਹ ਜ਼ਰੂਰੀ ਹੈ ਕਿ ਉਹ ਰਾਸ਼ਟਰ ਅਧਾਰਿਤ ਉਤਪੀੜਨ ਰੋਕਣ, ਜਿਸ ਬਾਰੇ ਉਨ੍ਹਾਂ ਨੂੰ ਪਤਾ ਹੋਵੇ ਜਾਂ ਪਤਾ ਹੋਣਾ ਚਾਹੀਦਾ ਹੈ।

4 **ਸਿਹਤ ਸੇਵਾ ਵਿਭਾਗ ਵਿੱਚ ਰਾਸ਼ਟਰ ਅਧਾਰਿਤ ਪੱਖਪਾਤ ਗੈਰ-ਕਾਨੂੰਨੀ ਹੈ।** ਕਿਉਂਕਿ ਤੁਸੀਂ ਇੱਕ ਖ਼ਾਸ ਰਾਸ਼ਟਰੀ ਮੂਲ ਦੇ ਹੋ ਜਾਂ ਸਿਹਤ ਸੇਵਾ ਪ੍ਰਦਾਤਾ ਤੁਹਾਨੂੰ ਕਿਸੇ ਖ਼ਾਸ ਰਾਸ਼ਟਰੀ ਮੂਲ ਦਾ ਮੰਨਦਾ ਹੈ, ਕੇਵਲ ਇਸ ਅਧਾਰ ‘ਤੇ ਉਹ ਤੁਹਾਡੀ ਬਿਮਾਰੀ ਦੇ ਲੱਛਣਾਂ ਨੂੰ ਨਾ ਤਾਂ ਘੱਟ ਕਰਕੇ ਵੇਖ ਸਕਦਾ ਹੈ, ਨਾ ਤੁਹਾਨੂੰ ਮਨ੍ਹਾ ਕਰ ਸਕਦਾ ਹੈ, ਨਾ ਤੁਹਾਡੇ ਵੱਲ ਘੱਟ ਧਿਆਨ ਦੇ ਸਕਦਾ ਹੈ ਜਾਂ ਟੈੱਸਟ ਕਰਵਾ ਸਕਦਾ ਹੈ। ਉਦਾਹਰਨ ਵਜੋਂ, ਕੋਈ ਦੰਦਾਂ ਦਾ ਡਾਕਟਰ ਤੁਹਾਨੂੰ ਕੇਵਲ ਇਸ ਲਈ ਸੇਵਾਵਾਂ ਦੇਣ ਤੋਂ ਮਨ੍ਹਾ ਨਹੀਂ ਕਰ ਸਕਦਾ ਕਿਉਂਕਿ ਤੁਸੀਂ ਅੰਗਰੇਜ਼ੀ ਨਹੀਂ ਬੋਲਦੇ ਜਾਂ ਤੁਸੀਂ ਪਾਕਿਸਤਾਨੀ ਹੋ।

5 **ਇਹ ਜ਼ਰੂਰੀ ਹੈ ਕਿ ਰਾਸ਼ਟਰੀ ਮੂਲ ਨੂੰ ਦਰਕਿਨਾਰ ਕਰਦੇ ਹੋਏ, ਜਨਤਕ ਸਹੂਲਤਾਂ ਪ੍ਰਦਾਨ ਕਰਨ ਵਾਲੇ ਸਥਾਨ ਸਭ ਨੂੰ ਬਰਾਬਰੀ ਦੇ ਅਧਾਰ ‘ਤੇ ਸੇਵਾਵਾਂ ਪ੍ਰਦਾਨ ਕਰਨ। ਉਦਾਹਰਨ ਵਜੋਂ, ਤੁਹਾਡੀ ਅੰਗਰੇਜ਼ੀ ਬੋਲਣ ਦੀ ਕਾਬਲੀਅਤ ਜਾਂ ਬੋਲੀ ਕਾਰਨ ਸਕੂਲ ਤੁਹਾਨੂੰ ਅੰਗਰੇਜ਼ੀ ਭਾਸ਼ਾ ਦੇ ਸਿਖਾਂਦਰੂਆਂ (ਈਐੱਲਐੱਲ) ਵਜੋਂ ਮਿਆਰ ਤੋਂ ਨੀਵੀਂ ਸਿੱਖਿਆ ਪ੍ਰਦਾਨ ਨਹੀਂ ਕਰ ਸਕਦੇ। ਜਨਤਕ ਐਲੀਮੈਂਟਰੀ ਅਤੇ ਸੈਕੰਡਰੀ ਸਕੂਲ ਐੱਫ਼-1 ਵੀਜ਼ਾ ਧਾਰਕ ਵਿਦਿਆਰਥੀਆਂ ਤੋਂ ਛੁੱਟ ਕਿਸੇ ਹੋਰ ਨੂੰ ਆਮ ਤੌਰ ‘ਤੇ ਦਾਖਲ ਕਰਨ ਤੋਂ ਮਨ੍ਹਾ ਨਹੀਂ ਕਰ ਸਕਦੇ।**

ਜੇ ਤੁਸੀਂ ਐਲਏਡੀ ਦੀ ਉਲੰਘਣਾ ਦੀ ਸ਼ਿਕਾਇਤ ਕੀਤੀ ਹੈ, ਭੇਦਭਾਵ ਦੀ ਸ਼ਿਕਾਇਤ ਕੀਤੀ ਹੈ ਜਾਂ ਐਲਏਡੀ ਅਧੀਨ ਆਪਣੇ ਕਿਸੇ ਹੱਕ ਦੀ ਵਰਤੋਂ ਕੀਤੀ ਹੈ, ਤਾਂ ਅਜਿਹਾ ਕਰਨ ਲਈ ਕੋਈ ਵੀ ਵਿਅਕਤੀ ਤੁਹਾਡੇ ਤੋਂ ਬਦਲਾ ਨਹੀਂ ਲੈ ਸਕਦਾ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov ‘ਤੇ ਜਾਓ ਜਾਂ 1-833-NJDCR4U (1-833-653-2748) ‘ਤੇ ਕਾਲ ਕਰੋ। ਡੀਸੀਆਰ ਐਲਏਡੀ ਨੂੰ ਲਾਗੂ ਕਰਦਾ ਹੈ, ਜੋ ਨਿਊ ਜਰਸੀ ਵਿਚਲੇ ਸਾਰੇ ਲੋਕਾਂ ਨੂੰ ਭੇਦਭਾਵ ਤੋਂ ਬਚਾਉਂਦਾ ਹੈ, ਭਾਵੇਂ ਉਨ੍ਹਾਂ ਦੀ ਇਮੀਗ੍ਰੇਸ਼ਨ ਸਥਿਤੀ ਜੋ ਮਰਜ਼ੀ ਹੋਵੇ। ਹੋਰ ਜਾਣਕਾਰੀ ਲਈ, ਇੱਥੇ ਕਲਿੱਕ ਕਰੋ।

ਹੋਰ ਜਾਣਕਾਰੀ ਲਈ, ਜਾਂ ਸ਼ਿਕਾਇਤ ਦਰਜ ਕਰਵਾਉਣ ਲਈ, NJCivilRights.gov ‘ਤੇ ਜਾਓ ਜਾਂ 1.833.NJDCR4U ‘ਤੇ ਕਾਲ ਕਰੋ।